AFFILIATED TO PUNJABI UNIVERSITY, PATIALA
S.S.D COLLEGE BARNALA
RUN BY S.D. SABHA REGD. BARNALA

Ref. No. 125/SNTC/SSD/24 Dated 23/01/2025

# ਨੋਟਿਸ

ਸਮੂਹ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਜ ਵਿੱਚ ਮਿਤੀ 28 ਜਨਵਰੀ 2025 ਨੂੰ ਚਾਰਟ ਮੁਕਾਬਲੇ ਕਰਵਾਏ ਜਾ ਰਹੇ ਹਨ। ਜਿਨ੍ਹਾਂ ਵਿਦਿਆਰਥੀਆਂ ਨੇ ਇਸ ਮੁਕਾਬਲੇ ਵਿੱਚ ਭਾਗ ਲੈਣਾ ਹੈ, ਉਹ ਆਪਣਾ ਨਾਮ ਮਿਤੀ 27 ਜਨਵਰੀ 2025 ਤੱਕ ਪ੍ਰੋਫੈਸਰ ਵੀਰਪਾਲ ਕੌਰ ਅਤੇ ਪ੍ਰੋਫੈਸਰ ਨਰਿੰਦਰ ਕੌਰ ਕੋਲ ਦਰਜ ਕਰਵਾ ਸਕਦੇ ਹਨ।

ਮਿਤੀ: 28 ਜਨਵਰੀ 2025

ਨਾਮ ਦਰਜ ਕਰਨ ਦੀ ਆਖਰੀ ਮਿਤੀ: 27 ਜਨਵਰੀ 2025

ਸੰਪਰਕ: ਪ੍ਰੋਫੈਸਰ ਵੀਰਪਾਲ ਕੌਰ / ਪ੍ਰੋਫੈਸਰ ਨਰਿੰਦਰ ਕੌਰ

ਕ੍ਰਿਪਾ ਕਰਕੇ ਸਮੇਂ ਸਿਰ ਆਪਣਾ ਨਾਮ ਦਰਜ ਕਰਵਾਉਣ।

ਪ੍ਰਿੰਸਿਪਲ

Principal
SSD College
Barnala-148101 (Pb.)


GPS Map Camera
Barnala, Punjab, India
9gmm+p9p, Sanghera Bypass, Barnala, Punjab
148101, India
Lat 30.383885° Long 75.533164°
28/01/25 11:15 AM GMT +05:30
Google

AFFILIATED TO PUNJABI UNIVERSITY, PATIALA
S.S.D COLLEGE BARNALA
RUN BY S.D. SABHA REGD. BARNALA

Ref. No. 5/IQAC/SSD/24

Dated 28-01-2025

## ਚਾਰਟ ਮੁਕਾਬਲੇ ਦੀ ਰਿਪੋਰਟ

ਮਿਤੀ: 28-01-2025

ਕਾਲਜ: ਐਸ.ਐੱਸ.ਡੀ. ਕਾਲਜ, ਬਰਨਾਲਾ

ਐਸ.ਐੱਸ.ਡੀ. ਕਾਲਜ, ਬਰਨਾਲਾ ਵਿੱਚ 28 ਜਨਵਰੀ 2025 ਨੂੰ ਚਾਰਟ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇਸ ਮੁਕਾਬਲੇ ਦੇ ਇੰਚਾਰਜ ਪ੍ਰੋ. ਵੀਰਪਾਲ ਕੌਰ ਅਤੇ ਪ੍ਰੋ. ਨਰਿੰਦਰ ਕੌਰ ਸਨ। ਮੁਕਾਬਲੇ ਵਿੱਚ 30 ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ।

ਮੁੱਖ ਵਿਸ਼ੇ ਇਹ ਸਨ:

- ਭਰੂਣ ਹੱਤਿਆ
- ਨਸ਼ਿਆਂ ਦੀ ਸਮੱਸਿਆ
- ਵਾਤਾਵਰਨ ਦੀ ਸੰਭਾਲ
- ਪਾਣੀ ਦੀ ਬਚਤ ਅਤੇ ਸਹੀ ਉਪਯੋਗਤਾ

ਕਾਲਜ ਦੇ ਪ੍ਰਿੰਸੀਪਲ ਡਾ. ਰਾਕੇਸ਼ ਜਿੰਦਲ ਨੇ ਵਿਦਿਆਰਥੀਆਂ ਨੂੰ ਇਨ੍ਹਾਂ ਵਿਸ਼ਿਆਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਅਜੇਹੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਨਤੀਜੇ:

🏆 ਪਹਿਲਾ ਸਥਾਨ: ਖੁਸ਼ਪ੍ਰੀਤ ਕੌਰ (ਬੀ.ਏ. ਭਾਗ ਤੀਜਾ)

🥈 ਦੂਜਾ ਸਥਾਨ: ਰਮਨਦੀਪ ਕੌਰ (ਬੀ.ਕਾਮ. ਭਾਗ ਤੀਜਾ)

🥉 ਤੀਜਾ ਸਥਾਨ: ਸਤਨਾਮ ਸਿੰਘ (ਬੀ.ਏ. ਭਾਗ ਪਹਿਲਾ)

ਸੋਸ਼ਲ ਸਟੱਡੀ ਵਿਭਾਗ ਦੀ ਮੁਖੀ ਪ੍ਰੋ. ਹਰਪ੍ਰੀਤ ਕੌਰ ਨੇ ਮੁਕਾਬਲੇ ਦੀ ਸਫਲਤਾ ਲਈ ਸਾਰੇ ਅਧਿਆਪਕਾਂ, ਵਿਦਿਆਰਥੀਆਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਮੁਕਾਬਲੇ ਸਿਰਫ਼ ਚਾਰਟ ਬਣਾਉਣ ਤੱਕ ਸੀਮਿਤ ਨਹੀਂ, ਬਲਕਿ ਵਿਦਿਆਰਥੀਆਂ ਦੀ ਕਲਾ ਅਤੇ ਵਿਚਾਰਧਾਰਾ ਨੂੰ ਨਿਖਾਰਣ ਦਾ ਇੱਕ ਸ਼ਾਨਦਾਰ ਮਾਧਿਅਮ ਹਨ।

ਆਈ.ਕਿਊ.ਏ.ਸੀ. ਕੋਆਰਡੀਨੇਟਰ
IQAC Co-ordinator
SSD College, Barnala

ਪ੍ਰਿੰਸੀਪਲ
Principal
SSD College
Barnala-148101 (Pb.)

Near Taraksheel Chowk, Sanghera By-Pass Road, BARNALA-148101 (Pb.)
Contact: 98759-80038
www.ssdclgbnl.com | Email:ssdclg@gmail.com | Email: infossdclg@gmail.com

# ਐੱਸ.ਐੱਸ.ਡੀ ਕਾਲਜ ਵਿੱਚ ਕਰਵਾਏ ਗਏ ਚਾਰਟ ਮੁਕਾਬਲੇ



ਬਰਨਾਲਾ, 29 ਜਨਵਰੀ (ਰਾਜਿੰਦਰ ਪ੍ਰਸ਼ਾਦ ਸਿੰਗਲਾ)-ਸਥਾਨਿਕ ਐੱਸ.ਐੱਸ.ਡੀ ਕਾਲਜ ਵਿੱਚ ਵਿਦਿਆਰਥੀਆਂ ਦੇ ਚਾਰਟ ਮੁਕਾਬਲੇ ਕਰਵਾਏ ਗਏ।ਇਹ ਮੁਕਾਬਲੇ ਭਰੂਣ ਹੱਤਿਆ ਸਬੰਧੀ, ਪਾਣੀ ਦਾ ਸਹੀ ਉਪਯੋਗ, ਨਸਿਆਂ ਦੀ ਰੋਕਥਾਮ ਸਬੰਧੀ, ਵਾਤਾਵਰਨ ਦੀ ਰੱਖਿਆ ਸਬੰਧੀ ਆਦਿ ਵਿਸਿਆਂ 'ਤੇ ਕਰਵਾਏ ਗਏ। ਇਹਨਾਂ ਚਾਰਟ ਮੁਕਾਬਲਿਆਂ ਵਿੱਚ ਕਾਲਜ ਦੀਆਂ ਵੱਖ ਵੱਖ ਕਲਾਸਾਂ ਦੇ 30 ਵਿਦਿਆਰਥੀਆਂ ਨੇ ਭਾਗ ਲਿਆ। ਕਾਲਜ ਦੇ ਪ੍ਰਿੰਸੀਪਲ ਡਾ: ਰਾਕੇਸ਼ ਜਿੰਦਲ ਨੇ ਇਹਨਾਂ ਵਿਸਿਆਂ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਜਿਥੇ ਭਰੂਣ ਹੱਤਿਆ ਦੀ ਅਲਾਮਤ ਸਾਡੇ ਸਮਾਜ ਕਲੰਕ ਹੈ, ਉਥੇ ਨਸਿਆਂ ਦੀ ਵੱਧ ਰਿਹਾ ਕੋਹੜ ਸਾਡੀ ਨੌਜਵਾਨੀ ਨੂੰ ਬਰਬਾਦ ਕਰ ਰਿਹਾ ਹੈ। ਉਹਨਾਂ ਗੁਰਬਾਣੀ ਦੇ ਹਵਾਲੇ ਦਿੰਦਿਆਂ ਦੱਸਿਆ ਕਿ ਸਾਡੇ ਗੁਰੂ ਸਾਹਿਬਾਨ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਦਾ ਦਰਜਾ ਦੇ ਕੇ ਸਾਨੂੰ ਸੁਚੇਤ ਕੀਤਾ ਹੈ ਕਿ ਜੇਕਰ ਭਵਿੱਖ ਜਿੰਦਗੀ ਨੂੰ ਖੁਸਹਾਲ ਬਣਾਈ ਰੱਖਣਾ ਹੈ ਤਾਂ ਵਾਤਾਵਰਣ ਅਤੇ ਪਾਣੀ ਅਤੇ ਧਰਤੀ ਨੂੰ ਸਾਫ ਸੁਥਰਾ ਰੱਖਣਾ ਪੈਣਾ ਹੈ। ਇਸ ਪ੍ਰੋਗਰਾਮ ਦੀ ਇੰਚਾਰਜ ਪ੍ਰੋਫੈਸਰ ਵੀਰਪਾਲ ਕੌਰ ਅਤੇ ਪ੍ਰੋਫੈਸਰ ਨਰਿੰਦਰ ਕੌਰ ਨੇ ਦੱਸਿਆ ਕਿ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਹੀ ਵਿਦਿਆਰਥੀਆਂ ਨੇ ਬਹੁਤ ਸਾਨਦਾਰ ਚਾਰਟ ਬਣਾਏ। ਇਹਨਾਂ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਖੁਸ਼ਪ੍ਰੀਤ ਕੌਰ (ਬੀ.ਏ ਭਾਗ ਤੀਜਾ) ਨੇ ਪ੍ਰਾਪਤ ਕੀਤਾ, ਜਦੋਂਕਿ ਦੂਜਾ ਸਥਾਨ ਰਮਨਦੀਪ ਕੌਰ (ਬੀ-ਕਾਮ) ਅਤੇ ਤੀਜਾ ਸਥਾਨ ਸਤਨਾਮ ਸਿੰਘ (ਬੀ.ਏ ਪਹਿਲਾ) ਨੇ ਹਾਸਲ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ: ਰਾਕੇਸ਼ ਜਿੰਦਲ ਨੇ ਜੇਤੂ ਰਹੇ ਵਿਦਿਆਰਥੀਆਂ ਨੂੰ ਮੁਬਾਰਕਵਾਦ ਕਹਿੰਦਿਆਂ ਇਹਨਾਂ ਚਾਰਟ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਇਸੇ ਤਰਾਂ ਹੀ ਜਿੰਦਗੀ ਵਿੱਚ ਹਰ ਮੁਕਾਬਲੇ ਵਿੱਚ ਭਾਗ ਲੈਣ ਲਈ ਵੀ ਪ੍ਰੇਰਿਆ।

Sting Operation
NEWSPAPER & WEB CHANNEL